SED-EDU401/10/2026-2EDU4/05 ਮਿਤੀ, ਚੰਡੀਗੜ੍ਹ: 05.02.2026

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਹੁਕਮ

ਪ੍ਰਬੰਧਕੀ ਜਰੂਰਤਾਂ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਸ਼੍ਰੀਮਤੀ ਤਨਜੀਤ ਕੌਰ, ਡਿਪਟੀ ਐਸ.ਪੀ.ਡੀ., ਦਫ: ਡੀ.ਜੀ.ਐਸ.ਈ. ਨੂੰ ਬਤੌਰ ਪ੍ਰਿੰਸੀਪਲ ਸਸਸਸ ਧਾਰ ਕਲਾਂ, ਜਿਲ੍ਹਾ ਪਠਾਨਕੋਟ ਦਾ ਵਾਧੂ ਚਾਰਜ ਦਿੱਤਾ ਜਾਂਦਾ ਹੈ।

2. ਅਧਿਕਾਰਨ ਸ਼ੁੱਕਰਵਾਰ ਤੋਂ ਲੈ ਕੇ ਮੰਗਲਵਾਰ ਤੱਕ ਵਾਧੂ ਚਾਰਜ ਵਾਲੇ ਸਥਾਨ ਤੇ ਆਪਣੀ ਡਿਊਟੀ ਨਿਭਾਉਣਾ ਯਕੀਨੀ ਬਨਾਉਣਗੇ ਅਤੇ ਬੁੱਧਵਾਰ ਤੇ ਵੀਰਵਾਰ ਨੂੰ ਦਫ: ਡੀ.ਜੀ.ਐਸ.ਈ. ਵਿਖੇ ਕੰਮ ਕਰਨਗੇ। ਅਧਿਕਾਰਨ ਨੂੰ ਇਸ ਵਾਧੂ ਕੰਮ ਬਦਲੇ ਕੋਈ ਵੀ ਵਾਧੂ ਲਾਭ ਮਿਲਣਯੋਗ ਨਹੀਂ ਹੋਣਗੇ।

3. ਇਹ ਹੁਕਮ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ। ਇਹ ਹੁਕਮ ਤੁਰੰਤ ਲਾਗੂ ਹੋਣਗੇ।

Sd/-

ਸੁਖਪ੍ਰੀਤ ਸਿੰਘ ਸਿੱਧੂ, ਪੀ.ਸੀ.ਐਸ.,
ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।
ਮਿਤੀ, ਚੰਡੀਗੜ੍ਹ: 05.02.2026

ਮਿਤੀ, ਚੰਡੀਗੜ੍ਹ:
05.02.2026
ਪਿ: ਅੰ; ਨੰ;/ਉਕਤ

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਜਨਰਲ ਸਕੂਲ ਐਜੂਕੇਸ਼ਨ, ਪੰਜਾਬ ਨੂੰ ਇਨ੍ਹਾਂ ਹੁਕਮਾਂ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਅਧਿਕਾਰਨ ਨੂੰ ਸਮੱਗਰਾ ਦੇ ਚਾਰਜ ਤੁਰੰਤ ਪ੍ਰਭਾਵ ਤੋਂ ਰਲੀਵ ਕਰਦੇ ਹੋਏ ਕਿਸੇ ਹੋਰ ਅਧਿਕਾਰੀ ਨੂੰ ਸਮੱਗਰਾ ਦਾ ਚਾਰਜ ਦਿੱਤਾ ਜਾਵੇ ਅਤੇ ਸ਼੍ਰੀਮਤੀ ਤਨਜੀਤ ਕੌਰ ਨੂੰ ਕੋਈ ਘੱਟ ਕੰਮ ਵਾਲਾ ਚਾਰਜ ਦਿੱਤਾ ਜਾਵੇ ਤਾਂ ਜੋ ਅਧਿਕਾਰਨ ਬਤੌਰ ਪ੍ਰਿੰਸੀਪਲ ਆਪਣੇ ਫਰਜ ਚੰਗੀ ਤਰ੍ਹਾਂ ਨਿਭਾ ਸਕਣ।
2. ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ. ਨਗਰ ਮੋਹਾਲੀ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
4. ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪਠਾਨਕੋਟ ਨੂੰ ਹੁਕਮਾਂ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਅਧਿਕਾਰਨ ਦੀ ਜੁਆਇੰਨਿੰਗ ਸਬੰਧੀ ਸਰਕਾਰ ਨੂੰ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।
5. ਦਫ: ਡੀ.ਜੀ.ਐਸ.ਈ., ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹਨਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕੀਤਾ ਜਾਵੇ।
6. ਸ਼੍ਰੀਮਤੀ ਤਨਜੀਤ ਕੌਰ, ਡਿਪਟੀ ਐਸ.ਪੀ.ਡੀ., ਦਫ: ਡੀ.ਜੀ.ਐਸ.ਈ. ਨੂੰ ਹੁਕਮਾਂ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਾਧੂ ਚਾਰਜ ਵਾਲੇ ਸਥਾਨ ਤੇ ਮਿਤੀ 06.02.2026 ਨੂੰ ਜੁਆਇੰਨ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਹਾਜਰੀ ਦੀ ਕਾਪੀ ਦਫ: ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪਠਾਨਕੋਟ ਵਿਖੇ ਸਬਮਿਟ ਕੀਤੀ ਜਾਵੇ।

Sd/-

ਸੰਯੁਕਤ ਸਕੱਤਰ ਸਕੂਲ ਸਿੱਖਿਆ